
# ਇੱਕ ਦੁਰਲੱਭ ਵਿਕਾਰ ਲਈ ਜੀਨੋਮ ਦੀ ਪੂਰੀ ਲੜੀ




ਇਹ ਪਰਚਾ ਉਨ੍ਹਾਂ ਮਰੀਜ਼ਾਂ ਲਈ ਬਣਾਇਆ ਗਿਆ ਹੈ ਜਿਨ੍ਹਾਂ ਨੂੰ ਦੁਰਲੱਭ ਜਾਂ ਵਿਰਾਸਤ ਵਿੱਚ ਹੋਣ ਵਾਲੀਆਂ ਬਿਮਾਰੀਆਂ ਦੇ **ਪੂਰੇ ਜੀਨੋਮ ਸੀਕਨਸਿੰਗ** ਟੈਸਟ ਦੀ ਪੇਸ਼ਕਸ਼ ਕੀਤੀ ਜਾਂਦੀ ਹੈ।

ਪੂਰਨ ਜੀਨੋਮ ਸੀਕਵੈਂਸਿੰਗ ਉਦੋਂ ਹੁੰਦੀ ਹੈ ਜਦੋਂ ਤੁਹਾਡੇ ਸਰੀਰ ਨੂੰ ਬਣਾਉਣ ਅਤੇ ਬਰਕਰਾਰ ਰੱਖਣ ਲਈ ਲੋੜੀਂਦੀ ਸਾਰੀ ਜਾਣਕਾਰੀ ਮਾਹਰ ਡਾਕਟਰ ਦੁਆਰਾ ਇਕੱਠੀ ਕੀਤੀ ਜਾਂਦੀ ਹੈ।




NHS ਉਹਨਾਂ ਹਾਲਤਾਂ ਲਈ ਪੂਰੇ ਜੀਨੋਮ ਸੀਕਵੈਂਸਿੰਗ ਦੀ ਪੇਸ਼ਕਸ਼ ਕਰਦਾ ਹੈ ਜਿੱਥੇ ਇਹ ਮਰੀਜ਼ਾਂ ਦੀ ਦੇਖਭਾਲ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰ ਸਕਦਾ ਹੈ।



ਤੁਹਾਡਾ ਸਿਹਤ ਦੇਖਭਾਲ ਪੇਸ਼ੇਵਰ ਇਹ ਫੈਸਲਾ ਲੈਣ ਤੋਂ ਪਹਿਲਾਂ ਤੁਹਾਨੂੰ ਵਧੇਰੇ ਜਾਣਕਾਰੀ ਦੇਵੇਗਾ ਕਿ ਟੈਸਟ ਕਰਾਉਣਾ ਹੈ ਜਾਂ ਨਹੀਂ।

## ਤੁਹਾਡਾ ਜੀਨੋਮ ਕੀ ਹੁੰਦਾ ਹੈ?




ਤੁਹਾਡਾ ਜੀਨੋਮ ਮਨੁੱਖੀ ਸਰੀਰ ਨੂੰ ਬਣਾਉਣ ਅਤੇ ਇਸਨੂੰ ਤੰਦਰੁਸਤ ਰੱਖਣ ਲਈ ਲੋੜੀਂਦੀ ਜਾਣਕਾਰੀ ਹੁੰਦੀ ਹੈ।

ਇਹ ਇੱਕ ਕੋਡ ਵਿੱਚ ਲਿਖੀ ਜਾਂਦੀ ਹੈ ਜਿਸ ਨੂੰ DNA ਕਹਿੰਦੇ ਹਨ।



ਤੁਹਾਡਾ ਜੀਨੋਮ ਹਜ਼ਾਰਾਂ ਹਿੱਸਿਆਂ ਦੇ DNA ਤੋਂ ਬਣਿਆ ਹੁੰਦਾ ਹੈ। ਇਹਨਾਂ ਨੂੰ ਜੀਨਸ ਆਖਦੇ ਹਨ।

ਬਹੁਤ ਸਾਰੀਆਂ ਦੁਰਲੱਭ ਬਿਮਾਰੀਆਂ ਤੁਹਾਡੇ ਜੀਨਾਂ ਵਿੱਚ ਤਬਦੀਲੀਆਂ ਕਰਕੇ ਹੁੰਦੀਆਂ ਹਨ ਅਤੇ ਵਿਰਾਸਤੀ ਹੋ ਸਕਦੀਆਂ ਹਨ।

NHS ਜੀਨੋਮਿਕ ਮੈਡੀਸਨ ਸਰਵਿਸ, ਦੁਰਲੱਭ ਬਿਮਾਰੀਆਂ ਲਈ ਪੂਰਨ ਜੀਨੋਮ ਸੀਕਵੈਂਸਿੰਗ, ਜੁਲਾਈ 2020, v2.0 WGS ਗੋ-ਲਾਈਵ ਲਈ ਵਰਤੇ ਜਾਣ ਲਈ।

ਇਹ ਦਸਤਾਵੇਜ਼ ਸੰਸਕਰਣ ਨਿਯੰਤਰਣ ਦੇ ਅਧੀਨ ਹੈ ਅਤੇ ਨਿਯਮਤ ਰੂਪ ਵਿੱਚ ਅਪਡੇਟ ਕੀਤਾ ਜਾਂਦਾ ਹੈ। ਕਿਰਪਾ ਕਰਕੇ ਤਸਦੀਕ ਕਰੋ ਕਿ ਤੁਸੀਂ ਆਪਣੇ ਮੌਜੂਦਾ ਜੀਨੋਮਿਕ ਲੈਬਾਰਟਰੀ ਹੱਬ ਨਾਲ ਸੰਪਰਕ ਕਰਕੇ ਮੌਜੂਦਾ ਸੰਸਕਰਣ ਦੀ ਵਰਤੋਂ ਕਰ ਰਹੇ ਹੋ।



## ਪੂਰਨ ਜੀਨੋਮ ਸੀਕਵੈਂਸਿੰਗ ਟੈਸਟ ਤੋਂ ਤੁਹਾਨੂੰ ਕੀ ਪਤਾ ਲੱਗ ਸਕਦਾ ਹੈ?

ਹੋਰ ਜੈਨੇਟਿਕ ਟੈਸਟਾਂ ਦੇ ਉਲਟ ਜੋ ਸਿਰਫ ਕੁਝ ਜੀਨਾਂ ਨੂੰ ਨਜਿੱਠਦੇ ਹਨ, ਪੂਰਨ ਜੀਨੋਮ ਸੀਕਵੈਂਸਿੰਗ ਤੁਹਾਡੇ ਸਾਰੇ ਜੀਨਾਂ ਨੂੰ ਇੱਕੋ ਵਾਰੀ ਨਜਿੱਠਦੀ ਹੈ।

ਹਾਲਾਂਕਿ ਇਹ ਟੈਸਟ ਤੁਹਾਡੇ ਪੂਰੇ ਜੀਨੋਮ ਨੂੰ ਵੇਖਦਾ ਹੈ, ਇਸ ਵਿੱਚ ਤੁਹਾਡੀ ਸਥਿਤੀ ਨਾਲ ਸੰਬੰਧਿਤ ਜੀਨਾਂ ਵਿੱਚ ਤਬਦੀਲੀਆਂ 'ਤੇ ਕੇਂਦ੍ਰਿਤ ਕੀਤਾ ਜਾਂਦਾ ਹੈ; ਇਹ ਜੀਨਾਂ ਵਿੱਚ ਤਬਦੀਲੀਆਂ ਦੀ ਭਾਲ ਨਹੀਂ ਕਰ ਰਿਹਾ ਹੈ ਜੋ ਹੋਰ ਹਾਲਤਾਂ ਦਾ ਕਾਰਨ ਬਣਦਾ ਹੈ।



ਤੁਹਾਡਾ ਪੂਰਨ ਜੀਨੋਮ ਸੀਕਵੈਂਸਿੰਗ ਟੈਸਟ ਦਾ ਨਤੀਜਾ ਇਸ ਵਿੱਚ ਮਦਦ ਕਰ ਸਕਦਾ ਹੈ:

- ਤੁਹਾਡੀ ਹਾਲਤ ਦੇ ਨਿਦਾਨ ਵਿੱਚ
- ਸਭ ਤੋਂ ਵਧੀਆ ਇਲਾਜ ਦੇ ਸੁਝਾਅ ਵਿੱਚ
- ਤੁਹਾਨੂੰ ਦੱਸਦਾ ਹੈ ਕਿ ਤੁਹਾਡੇ ਅੰਦਰ ਸਥਿਤੀ ਦੇ ਹੋਣ ਦਾ ਵਧੇਰੇ ਖ਼ਤਰਾ ਹੈ
- ਇਹ ਤੁਹਾਨੂੰ ਦੱਸਦਾ ਹੈ ਕਿ ਕੀ ਤੁਹਾਡੇ ਪਰਿਵਾਰ ਦੇ ਮੈਂਬਰਾਂ ਨੂੰ ਵੀ ਬਿਮਾਰੀ ਲੱਗਣ ਦਾ ਵਧੇਰੇ ਜ਼ੋਖ਼ਮ ਹੋ ਸਕਦਾ ਹੈ ਜਾਂ ਕਿ ਕੀ ਇਹ ਤੁਹਾਡੇ ਬੱਚਿਆਂ ਅੰਦਰ ਜਾ ਸਕਦਾ ਹੈ।



ਜੇ ਅਜਿਹਾ ਹੁੰਦਾ ਹੈ, ਤਾਂ ਪਰਿਵਾਰ ਦੇ ਦੂਜੇ ਮੈਂਬਰਾਂ ਨੂੰ ਟੈਸਟਿੰਗ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ। ਤੁਹਾਡਾ ਸਿਹਤ ਦੇਖਭਾਲ ਪੇਸ਼ੇਵਰ ਤੁਹਾਡੇ ਨਾਲ ਇਸ ਬਾਰੇ ਗੱਲ ਕਰੇਗਾ।



## ਪੂਰਨ ਜੀਨੋਮ ਸੀਕਵੈਂਸਿੰਗ ਟੈਸਟ ਵਿੱਚ ਕੀ ਹੁੰਦਾ ਹੈ?

ਤੁਹਾਡਾ ਸਿਹਤ ਦੇਖਭਾਲ ਪੇਸ਼ਾਵਰ ਟੈਸਟ ਦੀ ਵਿਆਖਿਆ ਕਰੇਗਾ।

ਬਹੁਤੇ ਮਰੀਜ਼ ਇਨ੍ਹਾਂ ਪੜਾਵਾਂ ਵਿੱਚੋਂ ਲੰਘਣਗੇ:



### ਰੈਫ਼ਰਲ

ਤੁਹਾਨੂੰ ਕਿਸੇ ਹੋਰ ਸਿਹਤ ਦੇਖਭਾਲ ਪੇਸ਼ੇਵਰ ਕੋਲ ਭੇਜ ਦਿੱਤਾ ਜਾਵੇਗਾ ਜੋ ਤੁਹਾਡੀ ਹਾਲਤ ਬਾਰੇ ਹੋਰ ਜਾਣਨਗੇ।

NHS ਜੀਨੋਮਿਕ ਮੈਡੀਸਨ ਸਰਵਿਸ, ਦੁਰਲੱਭ ਬਿਮਾਰੀਆਂ ਲਈ ਪੂਰਨ ਜੀਨੋਮ ਸੀਕਵੈਂਸਿੰਗ, ਜੁਲਾਈ 2020, v2.0 WGS ਗੋ-ਲਾਈਵ ਲਈ ਵਰਤੇ ਜਾਣ ਲਈ।

ਇਹ ਦਸਤਾਵੇਜ਼ ਸੰਸਕਰਣ ਨਿਯੰਤਰਣ ਦੇ ਅਧੀਨ ਹੈ ਅਤੇ ਨਿਯਮਤ ਰੂਪ ਵਿੱਚ ਅਪਡੇਟ ਕੀਤਾ ਜਾਂਦਾ ਹੈ। ਕਿਰਪਾ ਕਰਕੇ ਤਸਦੀਕ ਕਰੋ ਕਿ ਤੁਸੀਂ ਆਪਣੇ ਮੌਜੂਦਾ ਜੀਨੋਮਿਕ ਲੈਬਾਰਟਰੀ ਹੱਬ ਨਾਲ ਸੰਪਰਕ ਕਰਕੇ ਮੌਜੂਦਾ ਸੰਸਕਰਣ ਦੀ ਵਰਤੋਂ ਕਰ ਰਹੇ ਹੋ।

## ਸਲਾਹ-ਮਸ਼ਵਰਾ




ਇਸ ਵਿੱਚ ਤੁਹਾਡੇ ਦੁਆਰਾ ਇੱਕ ਮਾਹਰ ਡਾਕਟਰ ਨੂੰ ਮਿਲਣਾ ਸ਼ਾਮਲ ਹੋਵੇਗਾ।

ਜੇ ਉਹ ਪੂਰਨ ਜੀਨੋਮ ਸੀਕਵੈਂਸਿੰਗ ਦੀ ਸਿਫ਼ਾਰਸ਼ ਕਰਦੇ ਹਨ, ਤਾਂ ਤੁਹਾਡਾ ਸਿਹਤ ਦੇਖਭਾਲ ਪੇਸ਼ੇਵਰ ਤੁਹਾਨੂੰ ਟੈਸਟ ਬਾਰੇ ਦੱਸੇਗਾ



## ਨਮੂਨੇ ਇਕੱਠੇ ਕਰਨਾ

ਜੇ ਤੁਸੀਂ ਟੈਸਟ ਕਰਵਾਉਣ ਦਾ ਫੈਸਲਾ ਲੈਂਦੇ ਹੋ, ਤਾਂ ਖ਼ੂਨ ਦੇ ਨਮੂਨੇ ਲਏ ਜਾਣਗੇ ਅਤੇ ਲੈਬਾਰਟਰੀ ਵਿੱਚ ਭੇਜ ਦਿੱਤੇ ਜਾਣਗੇ।

## ਨਤੀਜੇ



ਤੁਹਾਨੂੰ ਪਤਾ ਲੱਗੇਗਾ ਕਿ ਨਤੀਜਾ ਕੀ ਦਿਖਾਉਂਦਾ ਹੈ।

ਤੁਸੀਂ ਆਪਣੇ ਸਿਹਤ ਸੰਭਾਲ ਪੇਸ਼ੇਵਰ ਨਾਲ ਟੈਸਟ ਬਾਰੇ ਗੱਲ ਕਰ ਸਕਦੇ ਹੋ।

ਤੁਸੀਂ ਕਿਸੇ ਮਾਹਰ ਨੂੰ ਮਿਲ ਸਕਦੇ ਹੋ ਜਿਹੜਾ ਤੁਹਾਡੇ ਨਤੀਜਿਆਂ ਬਾਰੇ ਤੁਹਾਡੇ ਨਾਲ ਗੱਲ ਕਰੇਗਾ ਅਤੇ ਤੁਹਾਨੂੰ ਸਹਾਇਤਾ ਦੀ ਪੇਸ਼ਕਸ਼ ਕਰ ਸਕਦਾ ਹੈ।



ਆਪਣੇ ਜੀਨਾਂ ਦਾ ਮੁਕਾਬਲਾ ਪਰਿਵਾਰ ਦੇ ਦੂਜੇ ਮੈਂਬਰਾਂ ਨਾਲ ਕਰਨਾ ਅਕਸਰ ਫਾਇਦੇਮੰਦ ਹੁੰਦਾ ਹੈ। ਇਹ ਉਹਨਾਂ ਤਬਦੀਲੀਆਂ ਦੇ ਵਿਚਕਾਰ ਅੰਤਰ ਦੱਸਣ ਵਿੱਚ ਮਦਦ ਕਰ ਸਕਦਾ ਹੈ ਜੋ ਸਮੱਸਿਆਵਾਂ ਪੈਦਾ ਨਹੀਂ ਕਰਦੀਆਂ ਅਤੇ ਕਰਦੀਆਂ ਹਨ


ਤੁਹਾਡਾ ਸਿਹਤ ਦੇਖਭਾਲ ਪੇਸ਼ੇਵਰ ਇਹ ਦੱਸ ਸਕਦਾ ਹੈ ਕਿ ਪਰਿਵਾਰ ਦੇ ਕਿਹੜੇ ਮੈਂਬਰਾਂ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ।



ਜੇ ਤੁਸੀਂ ਪੂਰਨ ਜੀਨੋਮ ਸੀਕਵੈਂਸਿੰਗ ਟੈਸਟ ਨਾ ਕਰਵਾਉਣ ਦਾ ਫੈਸਲਾ ਕਰਦੇ ਹੋ, ਤਾਂ ਵੀ ਤੁਹਾਨੂੰ ਸਭ ਤੋਂ ਵਧੀਆ ਸਿਹਤ ਦੇਖਭਾਲ ਮਿਲੇਗੀ।

NHS ਜੀਨੋਮਿਕ ਮੈਡੀਸਨ ਸਰਵਿਸ, ਦੁਰਲੱਭ ਬਿਮਾਰੀਆਂ ਲਈ ਪੂਰਨ ਜੀਨੋਮ ਸੀਕਵੈਂਸਿੰਗ, ਜੁਲਾਈ 2020, v2.0 WGS ਗੋ-ਲਾਈਵ ਲਈ ਵਰਤੇ ਜਾਣ ਲਈ।

ਇਹ ਦਸਤਾਵੇਜ਼ ਸੰਸਕਰਣ ਨਿਯੰਤਰਣ ਦੇ ਅਧੀਨ ਹੈ ਅਤੇ ਨਿਯਮਤ ਰੂਪ ਵਿੱਚ ਅਪਡੇਟ ਕੀਤਾ ਜਾਂਦਾ ਹੈ। ਕਿਰਪਾ ਕਰਕੇ ਤਸਦੀਕ ਕਰੋ ਕਿ ਤੁਸੀਂ ਆਪਣੇ ਮੌਜੂਦਾ ਜੀਨੋਮਿਕ ਲੈਬਾਰਟਰੀ ਹੱਬ ਨਾਲ ਸੰਪਰਕ ਕਰਕੇ ਮੌਜੂਦਾ ਸੰਸਕਰਣ ਦੀ ਵਰਤੋਂ ਕਰ ਰਹੇ ਹੋ।




## ਆਪਣੇ ਨਤੀਜੇ ਪ੍ਰਾਪਤ ਕਰਨਾ

ਤੁਹਾਡਾ ਨਮੂਨਾ ਲਿਆ ਜਾਵੇਗਾ ਅਤੇ ਇਸ ਦੀ ਜਾਂਚ ਕੀਤੀ ਜਾਵੇਗੀ। ਨਤੀਜੇ ਤੁਹਾਡੇ ਸਿਹਤ ਦੇਖਭਾਲ ਪੇਸ਼ੇਵਰ ਨੂੰ ਭੇਜੇ ਜਾਣਗੇ।

ਉਹ ਤੁਹਾਡੇ ਨਾਲ ਚਰਚਾ ਕਰਨਗੇ ਕਿ ਕੀ ਤੁਹਾਡਾ ਪੂਰਨ ਜੀਨੋਮ ਸੀਕਵੈਂਸਿੰਗ ਟੈਸਟ:



- ਕੋਈ ਅਜਿਹੀ ਤਬਦੀਲੀ ਦਰਸਾਉਂਦਾ ਹੈ ਜੋ ਤੁਹਾਡੀ ਮੈਡੀਕਲ ਸਥਿਤੀ ਬਾਰੇ ਦੱਸਦੀ ਹੈ। ਇਹ ਤੁਹਾਡੇ ਇਲਾਜ ਨੂੰ ਪ੍ਰਭਾਵਤ ਕਰ ਸਕਦਾ ਹੈ ਅਤੇ ਪਰਿਵਾਰਕ ਮੈਂਬਰਾਂ ਨੂੰ ਉਨ੍ਹਾਂ ਦੀਆਂ ਸਮੱਸਿਆਵਾਂ ਹੋਣ ਦੇ ਜ਼ੋਖ਼ਮ ਬਾਰੇ ਦੱਸ ਸਕਦਾ ਹੈ।

- ਕੋਈ ਤਬਦੀਲੀ ਦਰਸਾਉਂਦਾ ਹੈ ਜੋ ਤੁਹਾਡੀ ਡਾਕਟਰੀ ਸਥਿਤੀ ਬਾਰੇ ਦੱਸ ਸਕਦੀ ਹੈ, ਪਰ ਹੋਰ ਟੈਸਟਾਂ ਦੀ ਲੋੜ ਹੁੰਦੀ ਹੈ।



  ਇਸਦਾ ਮਤਲਬ ਦੂਜੇ ਪਰਿਵਾਰਕ ਮੈਂਬਰਾਂ ਦੀ ਜਾਂਚ ਕਰਨਾ ਜਾਂ ਦੂਜੇ ਮਰੀਜ਼ਾਂ ਨਾਲ ਆਪਣੀ ਤਬਦੀਲੀ ਦੀ ਤੁਲਨਾ ਕਰਨਾ ਹੋ ਸਕਦਾ ਹੈ।

- ਤੁਹਾਡੇ ਜੀਨਾਂ ਵਿਚ ਤਬਦੀਲੀ ਦਰਸਾਉਂਦਾ ਹੈ ਜਿਸ ਨੂੰ ਅਸੀਂ ਨਹੀਂ ਸਮਝਦੇ ਹਾਂ।



- ਤੁਹਾਡੀ ਡਾਕਟਰੀ ਸਥਿਤੀ ਦਾ ਕਾਰਨ ਨਹੀਂ ਲੱਭਿਆ।

- ਤੁਹਾਡੇ ਜੀਨੋਮ ਵਿੱਚ ਇੱਕ ਅਚਾਨਕ ਆਈ ਤਬਦੀਲੀ ਦਿਖਾਉਂਦਾ ਹੈ ਜੋ ਤੁਹਾਡੀ ਸਥਿਤੀ ਨਾਲ ਸੰਬੰਧਿਤ ਨਹੀਂ ਹੈ ਜਿਹੜੀ ਤੁਹਾਡੀ ਜਾਂ ਪਰਿਵਾਰਕ ਮੈਂਬਰਾਂ ਦੀ ਸਿਹਤ ਨੂੰ ਪ੍ਰਭਾਵਤ ਕਰ ਸਕਦੀ ਹੈ।

## ਤੁਹਾਡੇ ਜੀਨਜ਼ ਬਾਰੇ ਡਾਟਾ



ਸਾਰਾ ਡਾਟਾ ਸੁਰੱਖਿਅਤ ਅਤੇ ਗੁਪਤ ਰੂਪ ਵਿੱਚ ਰੱਖਿਆ ਜਾਂਦਾ ਹੈ। ਤੁਹਾਡੇ ਡੇਟਾ ਦੀ ਵਰਤੋਂ UK ਦੇ ਕਾਨੂੰਨ ਅਤੇ NHS ਦੀ ਨੀਤੀ ਦੇ ਅਨੁਸਾਰ ਕੀਤੀ ਜਾਂਦੀ ਹੈ।
ਜਿਆਦਾ ਜਾਣਕਾਰੀ ਇੱਥੇ ਮਿਲ ਸਕਦੀ ਹੈ:
https://www.england.nhs.uk/contact-us/privacy-notice/

NHS ਜੀਨੋਮਿਕ ਮੈਡੀਸਨ ਸਰਵਿਸ, ਦੁਰਲੱਭ ਬਿਮਾਰੀਆਂ ਲਈ ਪੂਰਨ ਜੀਨੋਮ ਸੀਕਵੈਂਸਿੰਗ, ਜੁਲਾਈ 2020, v2.0 WGS ਗੋ-ਲਾਈਵ ਲਈ ਵਰਤੇ ਜਾਣ ਲਈ।

ਇਹ ਦਸਤਾਵੇਜ਼ ਸੰਸਕਰਣ ਨਿਯੰਤਰਣ ਦੇ ਅਧੀਨ ਹੈ ਅਤੇ ਨਿਯਮਤ ਰੂਪ ਵਿੱਚ ਅਪਡੇਟ ਕੀਤਾ ਜਾਂਦਾ ਹੈ। ਕਿਰਪਾ ਕਰਕੇ ਤਸਦੀਕ ਕਰੋ ਕਿ ਤੁਸੀਂ ਆਪਣੇ ਮੌਜੂਦਾ ਜੀਨੋਮਿਕ ਲੈਬਾਰਟਰੀ ਹੱਬ ਨਾਲ ਸੰਪਰਕ ਕਰਕੇ ਮੌਜੂਦਾ ਸੰਸਕਰਣ ਦੀ ਵਰਤੋਂ ਕਰ ਰਹੇ ਹੋ।



ਤੁਹਾਡਾ ਟੈਸਟ ਡਾਟਾ ਅਤੇ ਨਤੀਜੇ NHS ਜੀਨੋਮਿਕ ਮੈਡੀਸਨ ਸਰਵਿਸ ਲਈ ਇੱਕ ਸੁਰੱਖਿਅਤ ਡੇਟਾਬੇਸ ਵਿੱਚ ਸਟੋਰ ਕੀਤੇ ਜਾਂਦੇ ਹਨ ਜਿਹੜਾ NHS ਦਾ ਉਹ ਹਿੱਸਾ ਹੈ ਜੋ ਪੂਰੇ ਜੀਨੋਮ ਸੀਕਵੈਂਸਿੰਗ ਦੀ ਨਿਗਰਾਨੀ ਕਰਦਾ ਹੈ।

ਸਿਰਫ਼ ਮਨਜ਼ੂਰਸ਼ੁਦਾ ਸਟਾਫ ਤੁਹਾਡਾ ਡੇਟਾ ਵੇਖਦੇ ਹਨ।




## ਬੀਮੇ ਲਈ ਡਾਟਾ ਦੀ ਵਰਤੋਂ

ਬੀਮਾ ਕੰਪਨੀਆਂ ਨਾਲ ਤੁਹਾਡੀ ਸਹਿਮਤੀ ਬਗੈਰ ਡੇਟਾ ਨੂੰ ਸਾਂਝਾ ਨਹੀਂ ਕੀਤਾ ਜਾਏਗਾ। ਬੀਮਾ ਕੰਪਨੀਆਂ ਤੁਹਾਨੂੰ ਤੁਹਾਡੇ ਪਰਿਵਾਰ ਬਾਰੇ ਡਾਕਟਰੀ ਜਾਣਕਾਰੀ ਮੁਹੱਈਆ ਕਰਵਾਉਣ ਲਈ ਆਖ ਸਕਦੀਆਂ ਹਨ।



## ਖੋਜ ਦੇ ਮੰਤਵਾਂ ਲਈ ਡੇਟਾ ਦੀ ਵਰਤੋਂ

ਲੱਖਾਂ ਹੋਰ NHS ਮਰੀਜ਼ਾਂ ਦੁਆਰਾ ਦਾਨ ਕੀਤੇ ਸਿਹਤ ਅੰਕੜਿਆਂ ਨੇ ਅੱਜ ਮਰੀਜ਼ਾਂ ਨੂੰ ਮਿਲਣ ਵਾਲੇ ਇਲਾਜਾਂ ਦੇ ਵਿਕਾਸ ਵਿੱਚ ਸਹਾਇਤਾ ਕੀਤੀ ਹੈ।

ਸਾਰੇ ਮਰੀਜ਼ਾਂ ਕੋਲ ਆਪਣਾ ਡੇਟਾ ਇੱਕ ਲਾਇਬ੍ਰੇਰੀ ਨੂੰ ਮੁਹੱਈਆ ਕਰਵਾਉਣ ਦਾ ਬਦਲ ਹੁੰਦਾ ਹੈ ਤਾਂ ਕਿ ਪ੍ਰਵਾਨਿਤ ਖੋਜਕਰਤਾ ਉਸ ਡੇਟਾ ਦੀ ਵਰਤੋਂ ਕਰ ਸਕਣ।



ਜੇ ਤੁਸੀਂ ਅਜਿਹਾ ਕਰਨ ਦੀ ਚੋਣ ਕਰਦੇ ਹੋ ਤਾਂ ਤੁਹਾਡਾ ਡੇਟਾ ਖੋਜਕਰਤਾਵਾਂ ਨੂੰ ਨਵੇਂ ਇਲਾਜ ਵਿਕਸਿਤ ਕਰਨ ਵਿੱਚ ਸਹਾਇਤਾ ਕਰੇਗਾ।

ਤੁਹਾਡਾ ਜੀਨੋਮਿਕ ਡੇਟਾ ਖੋਜ ਵਿੱਚ ਕਿਸ ਤਰ੍ਹਾਂ ਮਦਦ ਕਰ ਸਕਦਾ ਹੈ ਇਸ ਬਾਰੇ ਵਧੇਰੇ ਜਾਣਨ ਲਈ, ਕਿਰਪਾ ਕਰਕੇ ਜੀਨੋਮਿਕਸ ਇੰਗਲੈਂਡ ਦੀ ਵੈੱਬਸਾਈਟ: http://www.genomicsengland.co.uk 'ਤੇ ਦੇਖੋ



ਇਹ ਦਸਤਾਵੇਜ਼ ਸੰਸਕਰਣ ਨਿਯੰਤਰਣ ਦੇ ਅਧੀਨ ਹੈ ਅਤੇ ਨਿਯਮਤ ਰੂਪ ਵਿੱਚ ਅਪਡੇਟ ਕੀਤਾ ਜਾਂਦਾ ਹੈ। ਕਿਰਪਾ ਕਰਕੇ ਤਸਦੀਕ ਕਰੋ ਕਿ ਤੁਸੀਂ ਆਪਣੇ ਮੌਜੂਦਾ ਜੀਨੋਮਿਕ ਲੈਬਾਰਟਰੀ ਹੱਬ ਨਾਲ ਸੰਪਰਕ ਕਰਕੇ ਮੌਜੂਦਾ ਸੰਸਕਰਣ ਦੀ ਵਰਤੋਂ ਕਰ ਰਹੇ ਹੋ।

## ਵਧੀਕ ਜਾਣਕਾਰੀ

ਇਹਨਾਂ ਸੰਸਥਾਵਾਂ ਤੋਂ ਪੂਰਨ ਜੀਨੋਮ ਸੀਕਵੈਂਸਿੰਗ ਬਾਰੇ ਹੋਰ ਜਾਣੋ:
http://www.nhs.uk/conditions/genetic-and-genomic-testing



ਇਹ ਦਸਤਾਵੇਜ਼ ਸੰਸਕਰਣ ਨਿਯੰਤਰਣ ਦੇ ਅਧੀਨ ਹੈ ਅਤੇ ਨਿਯਮਤ ਰੂਪ ਵਿੱਚ ਅਪਡੇਟ ਕੀਤਾ ਜਾਂਦਾ ਹੈ। ਕਿਰਪਾ ਕਰਕੇ ਤਸਦੀਕ ਕਰੋ ਕਿ ਤੁਸੀਂ ਆਪਣੇ ਮੌਜੂਦਾ ਜੀਨੋਮਿਕ ਲੈਬਾਰਟਰੀ ਹੱਬ ਨਾਲ ਸੰਪਰਕ ਕਰਕੇ ਮੌਜੂਦਾ ਸੰਸਕਰਣ ਦੀ ਵਰਤੋਂ ਕਰ ਰਹੇ ਹੋ।